ਮਿੱਠੇ ਬੱਚੇ:- "ਮਿੱਠੇ ਬੱਚੇ :- ਇਕਾਂਤ ਵਿੱਚ ਬੈਠ ਆਪਣੇ ਨਾਲ ਗੱਲਾਂ ਕਰੋ, ਅਸੀਂ ਅਵਿਨਾਸ਼ੀ ਆਤਮਾਵਾਂ ਹਾਂ, ਬਾਪ ਤੋਂ ਸੁਣਦੇ ਹਾਂ, ਇਹ ਪ੍ਰੈਕਟਿਸ ਕਰੋ"

ਪ੍ਰਸ਼ਨ:- ਪ੍ਰਸ਼ਨ:- ਜੋ ਬੱਚੇ ਯਾਦ ਵਿੱਚ ਅਲਬੇਲੇ ਹਨ, ਉਨ੍ਹਾਂ ਦੇ ਮੁੱਖ ਤੋਂ ਕਿਹੜੇ ਬੋਲ ਨਿਕਲਦੇ ਹਨ?

ਉੱਤਰ:- ਉਹ ਕਹਿੰਦੇ ਹਨ :- ਅਸੀਂ ਸ਼ਿਵਬਾਬਾ ਦੇ ਬੱਚੇ ਤੇ ਹਾਂ ਹੀ। ਯਾਦ ਵਿੱਚ ਹੀ ਹਾਂ। ਲੇਕਿਨ ਬਾਬਾ ਕਹਿੰਦੇ ਹਨ ਉਹ ਸਭ ਗਪੌੜੇ ਹਨ, ਅਲਬੇਲਾਪਨ ਹੈ। ਇਸ ਵਿੱਚ ਤੇ ਪੁਰਾਸ਼ਰਥ ਕਰਨਾ ਹੈ, ਸਵੇਰੇ ਉੱਠ ਆਪਣੇ ਨੂੰ ਆਤਮਾ ਸਮਝ ਬੈਠ ਜਾਣਾ ਹੈ। ਰੂਹਰਿਹਾਨ ਕਰਨੀ ਹੈ। ਆਤਮਾ ਹੀ ਗੱਲਾਂ ਕਰਦੀ ਹੈ, ਹੁਣ ਤੁਸੀਂ ਦੇਹੀ - ਅਭਿਮਾਨੀ ਬਣਦੇ ਹੋ। ਦੇਹੀ - ਅਭਿਮਾਨੀ ਬੱਚੇ ਹੀ ਯਾਦ ਦਾ ਚਾਰਟ ਰੱਖਣਗੇ ਸਿਰ੍ਫ ਗਿਆਨ ਦੀ ਲਬਾਰ ਨਹੀਂ ਲਗਾਉਣਗੇ।

ਗੀਤ:- ਮੁੱਖੜਾ ਦੇਖ ਲੇ ਪ੍ਰਾਣੀ...

ਓਮ ਸ਼ਾਂਤੀ - ਰੂਹਾਨੀ ਬੱਚਿਆਂ ਨੂੰ ਸਮਝਾਇਆ ਜਾਂਦਾ ਹੈ ਕਿ ਪ੍ਰਾਣ ਆਤਮਾ ਨੂੰ ਕਿਹਾ ਜਾਂਦਾ ਹੈ। ਹੁਣ ਬਾਪ ਆਤਮਾਵਾਂ ਨੂੰ ਸਮਝਾਉਂਦੇ ਹਨ, ਇਹ ਗੀਤ ਤਾਂ ਭਗਤੀ ਮਾਰਗ ਦੇ ਹਨ। ਇਹ ਤਾਂ ਸਿਰ੍ਫ ਇਨ੍ਹਾਂ ਦਾ ਸਾਰ ਸਮਝਾਇਆ ਜਾਂਦਾ ਹੈ। ਹੁਣ ਤੁਸੀਂ ਜਦੋਂ ਇੱਥੇ ਬੈਠਦੇ ਹੋ ਤਾਂ ਆਪਣੇ ਆਪ ਨੂੰ ਆਤਮਾ ਸਮਝੋ। ਦੇਹ ਦਾ ਭਾਨ ਛੱਡ ਦੇਣਾ ਹੈ। ਅਸੀਂ ਆਤਮਾ ਬਹੁਤ ਛੋਟੀ ਬਿੰਦੀ ਹਾਂ। ਮੈਂ ਹੀ ਇਸ ਸ਼ਰੀਰ ਦਵਾਰਾ ਪਾਰਟ ਵਜਾਉਂਦੀ ਹਾਂ। ਇਸ ਆਤਮਾ ਦਾ ਗਿਆਨ ਕਿਸੇ ਨੂੰ ਹੈ ਨਹੀਂ। ਇਹ ਬਾਪ ਸਮਝਾਉਂਦੇ ਹਨ, ਆਪਣੇ ਨੂੰ ਆਤਮਾ ਸਮਝੋ - ਮੈਂ ਛੋਟੀ ਆਤਮਾ ਹਾਂ। ਆਤਮਾ ਹੀ ਸਾਰਾ ਪਾਰਟ ਵਜਾਉਂਦੀ ਹੈ ਇਸ ਸ਼ਰੀਰ ਨਾਲ, ਤਾਂ ਦੇਹ- ਅਭਿਮਾਨ ਨਿਕਲ ਜਾਵੇ। ਇਹ ਹੈ ਮਿਹਨਤ। ਅਸੀਂ ਆਤਮਾ ਇਸ ਸਾਰੇ ਨਾਟਕ ਦੇ ਐਕਟਰ ਹਾਂ। ਉੱਚ ਤੋਂ ਉੱਚ ਐਕਟਰ ਹੈ ਪਰਮਪਿਤਾ ਪ੍ਰਮਾਤਮਾ। ਬੁੱਧੀ ਵਿੱਚ ਰਹਿੰਦਾ ਹੈ ਉਹ ਵੀ ਇੰਨੀ ਛੋਟੀ ਬਿੰਦੀ ਹੈ, ਉਨ੍ਹਾਂ ਦੀ ਮਹਿਮਾ ਕਿੰਨੀ ਭਾਰੀ ਹੈ। ਗਿਆਨ ਦਾ ਸਾਗਰ, ਸੁੱਖ ਦਾ ਸਾਗਰ ਹੈ। ਪਰੰਤੂ ਹੈ ਛੋਟੀ ਬਿੰਦੀ। ਅਸੀਂ ਆਤਮਾ ਵੀ ਛੋਟੀ ਬਿੰਦੀ ਹਾਂ। ਆਤਮਾ ਨੂੰ ਸਿਵਾਏ ਦਿਵਯ ਦ੍ਰਿਸ਼ਟੀ ਦੇ ਵੇਖ ਨਹੀਂ ਸਕਦੇ। ਇਹ ਨਵੀਆਂ - ਨਵੀਆਂ ਗੱਲਾਂ ਹੁਣ ਤੁਸੀਂ ਸੁਣ ਰਹੇ ਹੋ। ਦੁਨੀਆਂ ਕੀ ਜਾਣੇ। ਤੁਹਾਡੇ ਵਿੱਚ ਵੀ ਘੱਟ ਹਨ ਜੋ ਚੰਗੀ ਤਰ੍ਹਾਂ ਸਮਝਦੇ ਹਨ ਅਤੇ ਬੁੱਧੀ ਵਿੱਚ ਰਹਿੰਦਾ ਹੈ ਕਿ ਅਸੀਂ ਆਤਮਾ ਛੋਟੀ ਬਿੰਦੀ ਹਾਂ। ਸਾਡਾ ਬਾਪ ਇਸ ਡਰਾਮੇ ਵਿੱਚ ਮੁੱਖ ਐਕਟਰ ਹੈ। ਉੱਚ ਤੇ ਉੱਚ ਐਕਟਰ ਬਾਪ ਹੈ, ਫਿਰ ਫਲਾਣੇ - ਫਲਾਣੇ ਆਉਂਦੇ ਹਨ। ਤੁਸੀਂ ਜਾਣਦੇ ਹੋ ਬਾਪ ਗਿਆਨ ਦਾ ਸਾਗਰ ਹੈ ਪਰੰਤੂ ਬਿਨਾਂ ਸ਼ਰੀਰ ਦੇ ਗਿਆਨ ਸੁਣਾ ਨਹੀ ਸਕਦੇ। ਸ਼ਰੀਰ ਦੁਆਰਾ ਹੀ ਬੋਲ ਸਕਦੇ ਹਨ। ਅਸ਼ਰੀਰੀ ਹੋਣ ਨਾਲ ਆਰਗਨਜ਼ ਵੱਖ ਹੋ ਜਾਂਦੇ ਹਨ। ਭਗਤੀ ਮਾਰਗ ਵਿੱਚ ਤਾਂ ਦੇਹਧਾਰੀਆਂ ਦਾ ਹੀ ਸਿਮਰਨ ਕਰਦੇ। ਪਰਮਪਿਤਾ ਪ੍ਰਮਾਤਮਾ ਦੇ ਨਾਮ, ਰੂਪ, ਦੇਸ਼, ਕਾਲ ਨੂੰ ਹੀ ਨਹੀਂ ਜਾਣਦੇ। ਬਸ ਕਹਿ ਦਿੰਦੇ ਪ੍ਰਮਾਤਮਾ ਨਾਮ ਰੂਪ ਤੋਂ ਨਿਆਰਾ ਹੈ। ਬਾਪ ਸਮਝਾਉਂਦੇ ਹਨ - ਡਰਾਮਾ ਅਨੁਸਾਰ ਤੁਸੀਂ ਜੋ ਨੰਬਰਵਨ ਸਤੋਪ੍ਰਧਾਨ ਸੀ, ਤੁਹਾਨੂੰ ਫਿਰ ਸਤੋਪ੍ਰਧਾਨ ਬਣਨਾ ਹੈ। ਤਮੋਪ੍ਰਧਾਨ ਤੋਂ ਸਤੋਪ੍ਰਧਾਨ ਬਣਨ ਦੇ ਲਈ ਤੁਹਾਨੂੰ ਫਿਰ ਇਹ ਅਵਸਥਾ ਮਜ਼ਬੂਤ ਰੱਖਣੀ ਹੈ ਕਿ ਅਸੀਂ ਆਤਮਾ ਹਾਂ, ਆਤਮਾ ਇਸ ਸ਼ਰੀਰ ਦੁਆਰਾ ਗੱਲ ਕਰਦੀ ਹੈ। ਉਸ ਵਿੱਚ ਹੈ ਗਿਆਨ। ਇਹ ਗਿਆਨ ਹੋਰ ਕਿਸੇ ਦੀ ਬੁੱਧੀ ਵਿੱਚ ਨਹੀਂ ਹੈਂ ਕਿ ਸਾਡੀ ਆਤਮਾ ਵਿੱਚ 84 ਜਨਮਾਂ ਦਾ ਪਾਰਟ ਅਵਿਨਾਸ਼ੀ ਨੂੰਧਿਆ ਹੋਇਆ ਹੈ। ਇਹ ਬਹੁਤ ਨਵੀ- ਨਵੀਂ ਪੁਆਇੰਟਸ ਹਨ। ਇਕਾਂਤ ਵਿੱਚ ਬੈਠ ਆਪਣੇ ਨਾਲ ਅਜਿਹੀਆਂ ਗੱਲਾਂ ਕਰਨੀਆਂ ਹਨ - ਮੈਂ ਆਤਮਾ ਹਾਂ, ਬਾਪ ਤੋਂ ਸੁਣ ਰਿਹਾ ਹਾਂ। ਧਾਰਨਾ ਮੈਂ ਆਤਮਾ ਵਿੱਚ ਹੁੰਦੀ ਹੈ। ਮੈਂ ਆਤਮਾ ਵਿੱਚ ਹੀ ਪਾਰਟ ਭਰਿਆ ਹੋਇਆ ਹੈ। ਮੈਂ ਆਤਮਾ ਅਵਿਨਾਸ਼ੀ ਹਾਂ। ਇਹ ਅੰਦਰ ਘੋਟਣਾ ਚਾਹੀਦਾ ਹੈ। ਸਾਨੂੰ ਤਮੋਪ੍ਰਧਾਨ ਤੋਂ ਸਤੋਪ੍ਰਧਾਨ ਬਣਨਾ ਹੈ। ਦੇਹ - ਅਭਿਮਾਨੀ ਮਨੁੱਖਾਂ ਨੂੰ ਆਤਮਾ ਦਾ ਵੀ ਗਿਆਨ ਨਹੀਂ ਹੈ, ਕਿੰਨੀਆਂ ਵੱਡੀਆਂ - ਵੱਡੀਆਂ ਕਿਤਾਬਾਂ ਆਪਣੇ ਕੋਲ ਰੱਖਦੇ ਹਨ। ਹੰਕਾਰ ਕਿੰਨਾਂ ਹੈ। ਇਹ ਹੈ ਹੀ ਤਮੋਪ੍ਰਧਾਨ ਦੁਨੀਆਂ। ਉੱਚ ਤੋਂ ਉੱਚ ਆਤਮਾ ਤੇ ਕੋਈ ਵੀ ਹੈ ਨਹੀਂ। ਤੁਸੀਂ ਜਾਣਦੇ ਹੋ ਕਿ ਹੁਣ ਸਾਨੂੰ ਤਮੋਪ੍ਰਧਾਨ ਤੋਂ ਸਤੋਪ੍ਰਧਾਨ ਬਣਨ ਦਾ ਪੁਰਾਸ਼ਰਥ ਕਰਨਾ ਹੈ। ਇਸ ਗੱਲ ਨੂੰ ਅੰਦਰ ਵਿੱਚ ਘੋਟਣਾ ਹੈ। ਗਿਆਨ ਸੁਣਨ ਵਾਲੇ ਤਾਂ ਬਹੁਤ ਹਨ। ਪ੍ਰੰਤੂ ਯਾਦ ਹੈ ਨਹੀਂ। ਅੰਦਰ ਵਿੱਚ ਉਹ ਅੰਤਰਮੁਖਤਾ ਰਹਿਣੀ ਚਾਹੀਦੀ ਹੈ। ਸਾਨੂੰ ਬਾਪ ਦੀ ਯਾਦ ਨਾਲ ਪਤਿਤ ਤੋਂ ਪਾਵਨ ਬਣਨਾ ਹੈ, ਸਿਰ੍ਫ ਪੰਡਿਤ ਨਹੀਂ ਬਣਨਾ ਹੈ। ਇਸ ਤੇ ਇੱਕ ਪੰਡਿਤ ਦਾ ਮਿਸਾਲ ਵੀ ਹੈ - ਮਾਤਾਵਾਂ ਨੂੰ ਕਹਿੰਦੇ ਰਾਮ - ਰਾਮ ਕਹਿਣ ਨਾਲ ਪਾਰ ਹੋ ਜਾਵੋਗੇ...ਤਾਂ ਅਜਿਹੇ ਲਬਾੜੀ ਨਹੀਂ ਬਣਨਾ ਹੈ। ਅਜਿਹੇ ਬਹੁਤ ਹਨ।

ਸਮਝਾਉਂਦੇ ਬਹੁਤ ਵਧੀਆ ਹਨ, ਪਰੰਤੂ ਯੋਗ ਹੈ ਨਹੀਂ। ਸਾਰਾ ਦਿਨ ਦੇਹ - ਅਭਿਮਾਨ ਵਿੱਚ ਰਹਿੰਦੇ ਹਨ। ਨਹੀਂ ਤੇ ਬਾਬਾ ਨੂੰ ਚਾਰਟ ਭੇਜਣਾ ਚਾਹੀਦਾ ਹੈ - ਮੈਂ ਇਸ ਵਕਤ ਉੱਠਦਾ ਹਾਂ ਇਨਾਂ ਯਾਦ ਕਰਦਾ ਹਾਂ। ਕੁਝ ਸਮਾਚਾਰ ਨਹੀਂ ਦਿੰਦੇ। ਗਿਆਨ ਦੀ ਬਹੁਤ ਲਬਾੜ ( ਗੱਪ ) ਮਾਰਦੇ ਹਨ। ਯੋਗ ਹੈ ਨਹੀਂ। ਭਾਵੇਂ ਵੱਡਿਆਂ - ਵੱਡਿਆਂ ਨੂੰ ਗਿਆਨ ਦਿੰਦੇ ਹਨ, ਪਰੰਤੂ ਯੋਗ ਵਿੱਚ ਕੱਚੇ ਹਨ। ਸਵੇਰੇ ਉੱਠ ਬਾਪ ਨੂੰ ਯਾਦ ਕਰਨਾ ਹੈ। ਬਾਬਾ ਤੁਸੀਂ ਕਿੰਨੇ ਮੋਸ੍ਟ ਬਿਲਵੇਡ ਹੋ। ਕਿਵੇਂ ਦਾ ਇਹ ਵਿਚਿੱਤਰ ਡਰਾਮਾ ਬਣਿਆ ਹੋਇਆ ਹੈ। ਕੋਈ ਵੀ ਇਹ ਰਾਜ਼ ਨਹੀਂ ਜਾਣਦੇ। ਨਾ ਆਤਮਾ ਨੂੰ, ਨਾ ਪ੍ਰਮਾਤਮਾ ਨੂੰ ਜਾਣਦੇ ਹਨ। ਇਸ ਵਕਤ ਮਨੁੱਖ ਜਾਨਵਰਾਂ ਤੋਂ ਵੀ ਬਦੱਤਰ ਹਨ। ਅਸੀਂ ਵੀ ਅਜਿਹੇ ਹੀ ਸੀ। ਮਾਇਆ ਦੇ ਰਾਜ ਵਿੱਚ ਕਿੰਨੀ ਦੁਰਦਸ਼ਾ ਹੋ ਜਾਂਦੀ ਹੈ। ਇਹ ਗਿਆਨ ਤੁਸੀਂ ਕਿਸੇ ਨੂੰ ਵੀ ਦੇ ਸਕਦੇ ਹੋ। ਬੋਲੋ, ਤੁਸੀਂ ਆਤਮਾ

ਹਾਲੇ ਤਮੋਪ੍ਰਧਾਨ ਹੋ, ਤੁਹਾਨੂੰ ਸਤੋਪ੍ਰਧਾਨ ਬਣਨਾ ਹੈ। ਪਹਿਲਾਂ ਤਾਂ ਆਪਣੇ ਨੂੰ ਆਤਮਾ ਸਮਝੋ। ਗਰੀਬਾਂ ਦੇ ਲਈ ਤਾਂ ਹੋਰ ਵੀ ਸੌਖਾ ਹੈ। ਸ਼ਾਹੂਕਾਰਾਂ ਦੇ ਤਾਂ ਲਫੜ੍ਹੇ ਹੀ ਬਹੁਤ ਰਹਿੰਦੇ ਹਨ।

ਬਾਪ ਕਹਿੰਦੇ ਹਨ - ਮੈਂ ਆਉਂਦਾ ਹੀ ਹਾਂ ਸਾਧਾਰਨ ਤਨ ਵਿੱਚ। ਨਾ ਬਹੁਤ ਗਰੀਬ, ਨਾ ਸ਼ਾਹੂਕਾਰ। ਹੁਣ ਤੁਸੀਂ ਜਾਣਦੇ ਹੋ ਕਲਪ - ਕਲਪ ਬਾਪ ਆਕੇ ਸਾਨੂੰ ਇਹ ਹੀ ਸਿੱਖਿਆ ਦਿੰਦੇ ਹਨ ਕਿ ਪਾਵਨ ਕਿਵੇਂ ਬਣੀਏ। ਬਾਕੀ ਤੁਹਾਡੇ ਧੰਧੇ ਆਦਿ ਵਿੱਚ ਖਿਟਪਿਟ ਹੈ, ਉਸ ਦੇ ਲਈ ਬਾਬਾ ਨਹੀਂ ਆਏ ਹਨ। ਤੁਸੀਂ ਤੇ ਬੁਲਾਉਂਦੇ ਹੀ ਹੋ ਹੇ ਪਤਿਤ - ਪਾਵਨ ਆਓ, ਤਾਂ ਬਾਬਾ ਪਾਵਨ ਬਣਨ ਦੀ ਯੁਕਤੀ ਦਸੱਦੇ ਹਨ। ਇਹ ਬ੍ਰਹਮਾ ਖੁਦ ਵੀ ਕੁਝ ਨਹੀਂ ਜਾਣਦੇ ਸਨ। ਐਕਟਰ ਹੋਕੇ ਡਰਾਮੇ ਦੇ ਆਦਿ - ਮੱਧ - ਅੰਤ ਨੂੰ ਨਾ ਜਾਨਣ ਤਾਂ ਉਨ੍ਹਾਂਨੂੰ ਕੀ ਕਹਾਂਗੇ। ਅਸੀਂ ਆਤਮਾ ਇਸ ਸ੍ਰਿਸ਼ਟੀ ਚੱਕਰ ਵਿੱਚ ਐਕਟਰ ਹਾਂ, ਇਹ ਵੀ ਕੋਈ ਜਾਣਦੇ ਨਹੀਂ। ਭਾਵੇਂ ਕਹਿ ਦਿੰਦੇ ਹਨ ਆਤਮਾ ਮੂਲਵਤਨ ਵਿੱਚ ਨਿਵਾਸ ਕਰਦੀ ਹੈ ਪਰੰਤੂ ਅਨੁਭਵ ਨਾਲ ਨਹੀਂ ਕਹਿੰਦੇ। ਤੁਸੀਂ ਤੇ ਹੁਣ ਪ੍ਰੈਕਟੀਕਲ ਵਿੱਚ ਜਾਣਦੇ ਹੋ - ਅਸੀਂ ਆਤਮਾ ਮੂਲਵਤਨ ਦੇ ਰਹਿਵਾਸੀ ਹਾਂ। ਅਸੀਂ ਆਤਮਾ ਅਵਿਨਾਸ਼ੀ ਹਾਂ। ਇਹ ਤਾਂ ਬੁੱਧੀ ਵਿੱਚ ਯਾਦ ਰਹਿਣਾ ਚਾਹੀਦਾ ਹੈ। ਬਹੁਤਿਆਂ ਦਾ ਯੋਗ ਬਿਲਕੁਲ ਹੈ ਨਹੀਂ। ਦੇਹ - ਅਭਿਮਾਨ ਦੇ ਕਾਰਨ ਫਿਰ ਮਿਸਟੇਕ ਵੀ ਬਹੁਤ ਹੁੰਦੀ ਹੈ। ਮੂਲ ਗੱਲ ਹੀ ਹੈ ਦੇਹੀ - ਅਭਿਮਾਨੀ ਬਣਨਾ। ਇਹ ਫੁਰਨਾ ਰਹਿਣਾ ਚਾਹੀਦਾ ਕਿ ਸਾਨੂੰ ਸਤੋਪ੍ਰਧਾਨ ਬਣਨਾ ਹੈ। ਜਿੰਨ੍ਹਾਂ ਬੱਚਿਆਂ ਨੂੰ ਸਤੋਪ੍ਰਧਾਨ ਬਣਨ ਦੀ ਤਾਤ ( ਲਗਨ ) ਹੈ, ਉਨ੍ਹਾਂ ਦੇ ਮੂੰਹ ਵਿਚੋਂ ਕੱਦੇ ਪੱਥਰ ਨਹੀਂ ਨਿਕਲਣਗੇ। ਕੋਈ ਭੁੱਲ ਹੋਈ ਤਾਂ ਝੱਟ ਬਾਪ ਨੂੰ ਰਿਪੋਰਟ ਕਰਣਗੇ। ਬਾਬਾ ਸਾਡੇ ਤੋਂ ਇਹ ਭੁੱਲ ਹੋਈ। ਮਾਫ਼ ਕਰਨਾ। ਛਿਪਾਉਣਗੇ ਨਹੀਂ। ਲੁਕਾਉਣ ਨਾਲ ਉਹ ਹੋਰ ਵੱਧਦੀ ਹੈ। ਬਾਬਾ ਨੂੰ ਖ਼ਬਰ ਦਿੰਦੇ ਰਹੋ। ਬਾਬਾ ਲਿਖ ਦੇਣਗੇ ਤੁਹਾਡਾ ਯੋਗ ਠੀਕ ਨਹੀਂ। ਪਾਵਨ ਬਣਨ ਦੀ ਹੀ ਮੁੱਖ ਗੱਲ ਹੈ। ਤੁਹਾਡੀ ਬੱਚਿਆਂ ਦੀ ਬੁੱਧੀ ਵਿੱਚ 84 ਜਨਮ ਦੀ ਕਹਾਣੀ ਹੈ। ਜਿਨਾਂ ਹੋ ਸਕੇ ਬਸ ਇਹ ਹੀ ਫਿਕਰ ਲੱਗਿਆ ਰਹੇ ਸਤੋਪ੍ਰਧਾਨ ਬਣਨਾ ਹੈ। ਦੇਹ - ਅਭਿਮਾਨ ਨੂੰ ਛੱਡ ਦੇਣਾ ਹੈ। ਤੁਸੀਂ ਹੋ ਰਾਜਰਿਸ਼ੀ। ਹਠਯੋਗੀ ਕਦੇ ਰਾਜਯੋਗ ਸਿੱਖਾ ਨਹੀਂ ਸਕਦੇ। ਰਾਜਯੋਗ ਬਾਪ ਹੀ ਸਿਖਾਉਂਦੇ ਹਨ। ਗਿਆਨ ਵੀ ਬਾਪ ਹੀ ਦਿੰਦੇ ਹਨ। ਬਾਕੀ ਇਸ ਵਕਤ ਹੈ ਤਮੋਪ੍ਰਧਾਨ ਭਗਤੀ। ਗਿਆਨ ਸਿਰਫ ਬਾਪ ਸੰਗਮ ਤੇ ਹੀ ਆਕੇ ਸੁਣਾਉਂਦੇ ਹਨ। ਬਾਪ ਆਏ ਹਨ ਤਾਂ ਭਗਤੀ ਖ਼ਤਮ ਹੋਣੀ ਹੈ, ਇਹ ਦੁਨੀਆਂ ਵੀ ਖ਼ਤਮ ਹੋ ਜਾਣੀ ਹੈ। ਗਿਆਨ ਅਤੇ ਯੋਗ ਨਾਲ ਸਤਿਯੁਗ ਦੀ ਸਥਾਪਨਾ ਹੁੰਦੀ ਹੈ। ਭਗਤੀ ਚੀਜ਼ ਹੀ ਵੱਖ ਹੈ। ਮਨੁੱਖ ਫ਼ਿਰ ਕਹਿ ਦਿੰਦੇ ਦੁੱਖ - ਸੁੱਖ ਇੱਥੇ ਹੀ ਹੈ। ਹਾਲੇ ਤੁਸੀਂ ਬੱਚਿਆਂ ਤੇ ਬੜੀ ਰਿਸਪਾਂਸਿਬਿਲਟੀ ਹੈ। ਆਪਣਾ ਕਲਿਆਣ ਕਰਨ ਦੀ ਯੁਕਤੀ ਰਚਦੇ ਰਹੋ। ਇਹ ਵੀ ਸਮਝਾਇਆ ਹੈ ਪਾਵਨ ਦੁਨੀਆਂ ਹੈ ਸ਼ਾਂਤੀਧਾਮ ਅਤੇ ਸੁੱਖਧਾਮ। ਇਹ ਹੈ ਅਸ਼ਾਂਤੀਧਾਮ, ਦੁੱਖਧਾਮ। ਪਹਿਲੀ ਮੁੱਖ ਗੱਲ ਹੈ ਯੋਗ ਦੀ। ਯੋਗ ਨਹੀਂ ਹੈ ਤਾਂ ਗਿਆਨ ਦੀ ਲਬਾਰ ਹੈ ਸਿਰ੍ਫ ਪੰਡਿਤ ਦੀ ਤਰ੍ਹਾਂ। ਅੱਜਕਲ ਤੇ ਰਿਧੀ - ਸਿੱਧੀ ਵੀ ਬਹੁਤ ਨਿਕਲੀ ਹੈ, ਇਸ ਨਾਲ ਗਿਆਨ ਦਾ ਕੁਨੈਕਸ਼ਨ ਨਹੀਂ ਹੈ। ਮਨੁੱਖ ਕਿਨ੍ਹਾਂ ਝੂਠ ਵਿੱਚ ਫਸੇ ਹੋਏ ਹਨ। ਪਤਿਤ ਹਨ। ਬਾਪ ਖੁਦ ਕਹਿੰਦੇ ਹਨ ਮੈਂ ਪਤਿਤ ਦੁਨੀਆਂ, ਪਤਿਤ ਸ਼ਰੀਰ ਵਿੱਚ ਆਉਂਦਾ ਹਾਂ। ਪਾਵਨ ਤੇ ਕੋਈ ਇੱਥੇ ਹੈ ਹੀ ਨਹੀਂ। ਇਹ ਤਾਂ ਆਪਣੇ ਨੂੰ ਭਗਵਾਨ ਕਹਿੰਦੇ ਨਹੀਂ। ਇਹ ਤਾਂ ਕਹਿੰਦੇ ਹਨ ਮੈਂ ਵੀ ਪਤਿਤ ਹਾਂ, ਪਾਵਨ ਹੋਵਾਂਗੇ ਤਾਂ ਫਰਿਸ਼ਤਾ ਬਣ ਜਾਵਾਂਗੇ। ਤਾਂ ਮੂਲ ਗੱਲ ਇਹ ਹੀ ਹੈ ਕਿ ਅਸੀਂ ਪਾਵਨ ਕਿਵੇਂ ਬਣੀਏ। ਯਾਦ ਬਹੁਤ ਜਰੂਰੀ ਹੈ। ਜੋ ਬੱਚੇ ਯਾਦ ਵਿੱਚ ਅਲਬੇਲੇ ਹਨ ਉਹ ਕਹਿੰਦੇ ਹਨ - ਅਸੀਂ ਸ਼ਿਵਬਾਬਾ ਦੇ ਬੱਚੇ ਤਾਂ ਹਾਂ ਹੀ। ਯਾਦ ਵਿੱਚ ਹੀ ਹਾਂ। ਪਰ ਬਾਬਾ ਕਹਿੰਦੇ ਉਹ ਸਭ ਗਪੌੜੇ ਹਨ। ਅਲਬੇਲਾਪਣ ਹੈ। ਇਸ ਵਿੱਚ ਤਾਂ ਪੁਰਾਸ਼ਰਥ ਕਰਨਾ ਹੈ ਸਵਰੇ ਉੱਠ ਆਪਣੇ ਨੂੰ ਆਤਮਾ ਸਮਝ ਬੈਠ ਜਾਣਾ ਹੈ। ਰੂਹਰਿਹਾਨ ਕਰਨੀ ਹੈ। ਆਤਮਾ ਹੀ ਗੱਲਬਾਤ ਕਰਦੀ ਹੈ ਨਾ। ਹੁਣ ਤੁਸੀਂ ਦੇਹੀ - ਅਭਿਮਾਨੀ ਬਣਦੇ ਹੋ। ਜੋ ਕਿਸੇ ਦਾ ਕਲਿਆਣ ਕਰਦਾ ਹੈ ਤਾਂ ਉਸਦੀ ਮਹਿਮਾ ਵੀ ਕੀਤੀ ਜਾਂਦੀ ਹੈ ਨਾ। ਉਹ ਹੁੰਦੀ ਹੈ ਦੇਹ ਦੀ ਮਹਿਮਾ। ਇਹ ਤਾਂ ਹੈ ਨਿਰਾਕਾਰ ਪਰਮਾਤਮਾ ਦੀ ਮਹਿਮਾ। ਇਸਨੂੰ ਵੀ ਤੁਸੀਂ ਸਮਝਦੇ ਹੋ। ਇਹ ਪੌੜ੍ਹੀ ਹੋਰ ਕਿਸੇ ਦੀ ਬੁੱਧੀ ਵਿੱਚ ਥੋੜ੍ਹੀ ਨਾ ਹੋਵੇਗੀ। ਅਸੀਂ 84 ਜਨਮ ਕਿਵੇਂ ਲੈਂਦੇ ਹਾਂ, ਹੇਠਾਂ ਉੱਤਰਦੇ ਆਉਂਦੇ ਹਾਂ। ਹੁਣ ਤੇ ਪਾਪ ਦਾ ਘੜਾ ਭਰ ਗਿਆ ਹੈ, ਉਹ ਕਿਵੇਂ ਸਾਫ਼ ਹੋਵੇ? ਇਸਲਈ ਬਾਪ ਨੂੰ ਬੁਲਾਉਂਦੇ ਹਨ। ਤੁਸੀ ਹੋ ਪਾਂਡਵ ਸੰਪਰਦਾਇ। ਰਿਲੀਜਨ ਵੀ ਪੁਲੀਟੀਕਲ ਵੀ ਹੋ। ਬਾਬਾ ਸਾਰੇ ਰਿਲੀਜਨ ਦੀ ਗੱਲ ਸਮਝਾਉਂਦੇ ਹਨ। ਦੂਸਰਾ ਕੋਈ ਸਮਝਾ ਨਹੀਂ ਸਕਦਾ। ਬਾਕੀ ਉਹ ਧਰਮ ਸਥਾਪਨ ਕਰਨ ਵਾਲੇ ਕੀ ਕਰਦੇ ਹਨ, ਉਨ੍ਹਾਂ ਦੇ ਪਿਛਾੜੀ ਤਾਂ ਹੋਰਾਂ ਨੂੰ ਵੀ ਹੇਠਾਂ ਆਉਣਾ ਪੈਂਦਾ ਹੈ। ਬਾਕੀ ਉਹ ਕੋਈ ਮੋਖਸ਼ ਥੋੜ੍ਹੀ ਨਾ ਦਿੰਦੇ। ਬਾਪ ਹੀ ਪਿਛਾੜੀ ਵਿੱਚ ਆਕੇ ਸਭ ਨੂੰ ਪਵਿੱਤਰ ਬਣਾ ਵਾਪਿਸ ਲੈ ਜਾਂਦੇ ਹਨ, ਇਸਲਈ ਉਸ ਇੱਕ ਦੇ ਸਿਵਾਏ ਹੋਰ ਕਿਸੇ ਦੀ ਮਹਿਮਾ ਹੈ ਨਹੀਂ। ਬ੍ਰਹਮਾ ਦੀ ਜਾਂ ਤੁਹਾਡੀ ਕੋਈ ਮਹਿਮਾ ਨਹੀਂ। ਬਾਬਾ ਨਾਂ ਆਉਂਦਾ ਤਾਂ ਤੁਸੀਂ ਵੀ ਕੀ ਕਰਦੇ। ਹੁਣ ਬਾਪ ਤੁਹਾਨੂੰ ਚੜ੍ਹਦੀ ਕਲਾ ਵਿੱਚ ਲੈ ਜਾਂਦੇ ਹਨ। ਗਾਉਂਦੇ ਵੀ ਹਨ ਤੇਰੇ ਭਾਣੇ ਸ੍ਰਵ ਦਾ ਭਲਾ। ਪਰੰਤੂ ਅਰਥ ਸਮਝਦੇ ਥੋੜ੍ਹੀ ਨਾ ਹਨ। ਮਹਿਮਾ ਤਾਂ ਬਹੁਤ ਕਰਦੇ ਹਨ।

ਹੁਣ ਬਾਪ ਨੇ ਸਮਝਾਇਆ ਹੈ ਅਕਾਲ ਤਾਂ ਆਤਮਾ ਹੈ, ਉਸਦਾ ਇਹ ਤਖ਼ਤ ਹੈ। ਆਤਮਾ ਅਵਿਨਾਸ਼ੀ ਹੈ। ਕਾਲ ਕਦੇ ਖਾਂਦਾ ਨਹੀਂ। ਆਤਮਾ ਨੂੰ ਇੱਕ ਸ਼ਰੀਰ ਛੱਡ ਦੂਸਰਾ ਪਾਰਟ ਵਜਾਉਣਾ ਪੈਂਦਾ ਹੈ। ਬਾਕੀ ਲੈਣ ਦੇ ਲਈ ਕੋਈ ਕਾਲ ਆਉਂਦਾ ਥੋੜ੍ਹੀ ਨਾ ਹੈ। ਤੁਹਾਨੂੰ ਕੋਈ ਦੇ ਸ਼ਰੀਰ ਛੱਡਣ ਦਾ ਦੁੱਖ ਨਹੀਂ ਹੁੰਦਾ ਹੈ। ਸ਼ਰੀਰ ਛੱਡ ਦੂਜਾ ਪਾਰਟ ਵਜਾਉਣ ਗਿਆ, ਰੋਣ ਦੀ ਕੀ ਲੋੜ ਹੈ। ਅਸੀਂ ਆਤਮਾ ਭਾਈ - ਭਾਈ ਹਾਂ। ਇਹ ਵੀ ਤੁਸੀਂ ਹੁਣ ਹੀ ਜਾਣਦੇ ਹੋ। ਗਾਉਂਦੇ ਹਨ ਆਤਮਾਵਾਂ ਪਰਮਾਤਮਾ ਵੱਖ ਰਹੇ ਬਹੁਕਲ... ਬਾਪ ਕਿੱਥੇ ਆਕੇ ਮਿਲਦੇ ਹਨ। ਇਹ ਵੀ ਨਹੀਂ ਜਾਣਦੇ। ਹੁਣ ਤੁਹਾਨੂੰ ਹਰ ਗੱਲ ਦੀ ਸਮਝਾਉਣੀ ਮਿਲਦੀ ਹੈ। ਕਦੋਂ ਤੋਂ ਸੁਣਦੇ ਹੀ ਆਉਂਦੇ ਹੋ। ਕੋਈ ਕਿਤਾਬ ਆਦਿ ਥੋੜ੍ਹੀ ਨਾ ਚੁੱਕਦੇ ਹਨ। ਸਿਰ੍ਫ ਰੈਫਰ ਕਰਦੇ ਹਨ ਸਮਝਾਉਣ ਦੇ ਲਈ। ਬਾਪ ਸੱਚਾ ਤਾਂ ਸੱਚੀ ਰਚਨਾ ਰਚਦੇ ਹਨ। ਸੱਚ ਦਸੱਦੇ ਹਨ। ਸੱਚ ਨਾਲ ਜਿੱਤ, ਝੂਠ ਨਾਲ ਪਿਆਰ। ਸੱਚਾ ਬਾਪ ਸੱਚਖੰਡ ਦੀ ਸਥਾਪਨਾ ਕਰਦੇ ਹਨ। ਰਾਵਣ ਤੋਂ ਤੁਸੀਂ ਬਹੁਤ ਹਾਰ ਖਾਦੀ ਹੈ। ਇਹ

ਸਭ ਖੇਲ੍ਹ ਬਣਿਆ ਹੋਇਆ ਹੈ। ਹੁਣ ਤੁਸੀਂ ਜਾਣਦੇ ਹੋ ਸਾਡਾ ਰਾਜ ਸਥਾਪਨ ਹੋ ਰਿਹਾ ਹੈ ਫਿਰ ਇਹ ਸਭ ਹੋਣਗੇ ਨਹੀਂ। ਇਹ ਤਾਂ ਸਭ ਪਿੱਛੇ ਆਏ ਹਨ। ਇਹ ਸ੍ਰਿਸ਼ਟੀ ਚੱਕਰ ਬੁੱਧੀ ਵਿੱਚ ਰੱਖਣਾ ਕਿੰਨਾ ਸਹਿਜ ਹੈ। ਜੋ ਪੁਰਸ਼ਾਰਥੀ ਬੱਚੇ ਹਨ ਉਹ ਇਸ ਵਿੱਚ ਖੁਸ਼ ਨਹੀਂ ਹੋਣਗੇ ਕਿ ਅਸੀਂ ਗਿਆਨ ਤਾਂ ਬਹੁਤ ਚੰਗਾ ਸੁਣਾਉਂਦੇ ਹਾਂ। ਨਾਲ ਵਿੱਚ ਯੋਗ ਅਤੇ ਮੈਨਰਸ ਵੀ ਧਾਰਨ ਕਰਣਗੇ। ਤੁਹਾਨੂੰ ਬਹੁਤ - ਬਹੁਤ ਮਿੱਠਾ ਬਣਨਾ ਹੈ। ਕੋਈ ਨੂੰ ਦੁੱਖ ਨਹੀਂ ਦੇਣਾ ਹੈ। ਪਿਆਰ ਨਾਲ ਸਮਝਾਉਣਾ ਚਾਹੀਦਾ ਹੈ। ਪਵਿੱਤਰਤਾ ਤੇ ਵੀ ਕਿੰਨਾ ਹੰਗਾਮਾ ਹੁੰਦਾ ਹੈ। ਉਹ ਵੀ ਡਰਾਮਾ ਅਨੁਸਾਰ ਹੁੰਦਾ ਹੈ। ਇਹ ਬਣਿਆ ਬਣਾਇਆ ਡਰਾਮਾ ਹੈ ਨਾ। ਇਵੇਂ ਨਹੀਂ ਡਰਾਮਾ ਵਿੱਚ ਹੋਵੇਗਾ ਤਾਂ ਮਿਲੇਗਾ। ਨਹੀਂ, ਮਿਹਨਤ ਕਰਨੀ ਹੈ। ਦੇਵਤਾਵਾਂ ਮਿਸਲ ਦੈਵੀਗੁਣ ਧਾਰਨ ਕਰਨੇ ਹਨ। ਲੂਣਪਾਣੀ ਨਹੀਂ ਬਣਨਾ ਹੈ। ਵੇਖਣਾ ਚਾਹੀਦਾ ਹੈ ਅਸੀਂ ਉਲਟੀ ਚਲਨ ਚਲਕੇ ਬਾਪ ਦੀ ਇੱਜਤ ਤਾਂ ਨਹੀਂ ਗਵਾਉਂਦੇ? ਸਤਿਗੁਰੂ ਦਾ ਨਿੰਦਕ ਠੋਰ ਨਾ ਪਾਏ। ਇਹ ਤਾਂ ਸੱਤ ਬਾਪ ਹੈ, ਸੱਤ ਟੀਚਰ ਹੈ। ਆਤਮਾ ਨੂੰ ਹੁਣ ਸਮ੍ਰਿਤੀ ਰਹਿੰਦੀ ਹੈ। ਬਾਬਾ ਗਿਆਨ ਦਾ ਸਾਗਰ, ਸੁੱਖ ਦਾ ਸਾਗਰ ਹੈ। ਜਰੂਰ ਗਿਆਨ ਦੇਕੇ ਗਿਆ ਹਾਂ ਤਾਂ ਹੀ ਤੇ ਗਾਇਨ ਹੁੰਦਾ ਹੈ। ਇਨ੍ਹਾਂ ਦੀ ਆਤਮਾ ਵਿੱਚ ਕੋਈ ਗਿਆਨ ਸੀ ਕੀ? ਆਤਮਾ ਕੀ, ਡਰਾਮਾ ਕੀ ਹੈ - ਕੋਈ ਵੀ ਨਹੀਂ ਜਾਣਦੇ। ਜਾਨਣਾ ਤਾਂ ਮਨੁਖਾਂ ਨੂੰ ਹੀ ਹੈ ਨਾ। ਰੁਦ੍ਰ ਯੱਗ ਰਚਦੇ ਹਨ ਤਾਂ ਆਤਮਾਵਾਂ ਦੀ ਪੂਜਾ ਕਰਦੇ ਹਨ, ਉਨ੍ਹਾਂ ਦੀ ਪੂਜਾ ਚੰਗੀ ਜਾਂ ਦੈਵੀ ਸ਼ਰੀਰਾਂ ਦੀ ਪੂਜਾ ਚੰਗੀ? ਇਹ ਸ਼ਰੀਰ ਤਾਂ 5 ਤੱਤਵਾਂ ਦਾ ਹੈ ਇਸਲਈ ਇੱਕ ਸ਼ਿਵਬਾਬਾ ਦੀ ਪੂਜਾ ਹੀ ਅਵਿੱਭਚਾਰੀ ਪੂਜਾ ਹੈ। ਹੁਣ ਉਸ ਇੱਕ ਤੋਂ ਹੀ ਸੁਣਨਾ ਹੈ ਇਸਲਈ ਕਿਹਾ ਜਾਂਦਾ ਹੈ ਹਿਅਰ ਨੋ ਇਵਿਲ… ਗਲਾਣੀ ਦੀ ਕੋਈ ਗੱਲ ਨਾ ਸੁਣੋ। ਮੈਨੂੰ ਇੱਕ ਤੋਂ ਹੀ ਸੁਣੋ। ਇਹ ਹੈ ਅਵਿਭਚਾਰੀ ਗਿਆਨ। ਮੁੱਖ ਗੱਲ ਹੈ ਜੱਦ ਦੇਹ - ਅਭਿਮਾਨ ਟੁੱਟੇਗਾ ਤੱਦ ਹੀ ਤੁਸੀਂ ਸ਼ੀਤਲ ਬਣੋਗੇ। ਬਾਪ ਦੀ ਯਾਦ ਵਿਚ ਰਹਿਣਗੇ ਤਾਂ ਮੁਖ ਤੋਂ ਵੀ ਉਲਟਾ - ਸੁਲਟਾ ਬੋਲ ਨਹੀਂ ਬੋਲਣਗੇ, ਕੁਦ੍ਰਿਸ਼ਟੀ ਨਹੀਂ ਜਾਏਗੀ। ਵੇਖਦੇ ਹੋਏ ਜਿਵੇਂ ਵੇਖਣਗੇ ਨਹੀਂ। ਸਾਡਾ ਗਿਆਨ ਦਾ ਤੀਜਾ ਨੇਤਰ ਖੁੱਲਿਆ ਹੋਇਆ ਹੈ। ਬਾਪ ਨੇ ਆਕੇ ਤ੍ਰਿਨੇਤ੍ਰੀ, ਤ੍ਰਿਕਾਲਦਰਸ਼ੀ ਬਣਾਇਆ ਹੈ। ਹੁਣ ਤੁਹਾਨੂੰ ਤਿੰਨਾਂ ਕਾਲਾਂ, ਤਿੰਨਾਂ ਲੋਕਾਂ ਦਾ ਗਿਆਨ ਹੈ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਗਿਆਨ ਸੁਣਾਉਣ ਦੇ ਨਾਲ - ਨਾਲ ਯੋਗ ਵਿੱਚ ਵੀ ਰਹਿਣਾ ਹੈ। ਚੰਗੇ ਮੈਨਰਸ ਧਾਰਨ ਕਰਨੇ ਹਨ। ਬਹੁਤ ਮਿੱਠਾ ਬਣਨਾ ਹੈ। ਮੁੱਖ ਤੋਂ ਕਦੀ ਪੱਥਰ ਨਹੀਂ ਕੱਢਣੇ ਹੈ।

2. ਅੰਤਰਮੁਖੀ ਬਣ ਏਕਾਂਤ ਵਿਚ ਬੈਠ ਆਪਣੇ ਨਾਲ ਰੂਹਰਿਹਾਨ ਕਰਨੀ ਹੈ। ਪਾਵਨ ਬਣਨ ਦੀ ਯੁਕਤੀਆਂ ਕੱਢਣੀਆਂ ਹਨ। ਸਵੇਰੇ - ਸਵੇਰੇ ਉੱਠ ਕੇ ਬਾਪ ਨੂੰ ਬੜੇ ਪਿਆਰ ਨਾਲ ਯਾਦ ਕਰਨਾ ਹੈ।

ਵਰਦਾਨ:- ਵਾਇਰਲੈਸ ਸੈਟ ਦਵਾਰਾ ਵਿਨਾਸ਼ ਕਾਲ ਵਿੱਚ ਅੰਤਿਮ ਡਾਇਰੈਕਸ਼ਨ ਨੂੰ ਕੈਚ ਕਰਨ ਵਾਲੇ ਵਾਈਸਲੈਸ ਭਵ

ਵਿਨਾਸ਼ ਦੇ ਸਮੇਂ ਅੰਤਿਮ ਡਾਇਰੈਕਸ਼ਨ ਨੂੰ ਕੈਚ ਕਰਨ ਦੇ ਲਈ ਵਾਈਸਲੈਸ ਬੁੱਧੀ ਚਾਹੀਦੀ ਹੈ। ਜਿਵੇਂ ਉਹ ਵਾਇਰਲੈੱਸ ਸੈੱਟ ਦਵਾਰਾ ਇੱਕ ਦੂਸਰੇ ਤੱਕ ਆਵਾਜ਼ ਪਹੁੰਚਾਉਂਦੇ ਹਨ। ਇੱਥੇ ਹੈ ਵਾਈਸਲੈਸ ਦੀ ਵਾਇਰਲੈਸ। ਇਸ ਵਾਇਰਲੈਸ ਦਵਾਰਾ ਤੁਹਾਨੂੰ ਆਵਾਜ਼ ਆਏਗਾ ਕਿ ਇਸ ਸੇਫ਼ ਸਥਾਨ ਤੇ ਪਹੁੰਚ ਜਾਓ। ਜੋ ਬੱਚੇ ਬਾਪ ਦੀ ਯਾਦ ਵਿੱਚ ਰਹਿਣ ਵਾਲੇ ਵਾਈਸਲੈਸ ਹਨ, ਜਿਨ੍ਹਾਂ ਨੂੰ ਅਸ਼ਰੀਰੀ ਬਣਨ ਦਾ ਅਭਿਆਸ ਹੈ ਉਹ ਵਿਨਾਸ਼ ਵਿੱਚ ਵਿਨਾਸ਼ ਨਹੀਂ ਹੋਣਗੇ ਪਰ ਸਵੇਛਾ ਨਾਲ ਸ਼ਰੀਰ ਛੱਡਣਗੇ।

ਸਲੋਗਨ:- ਯੋਗ ਨੂੰ ਕਿਨਾਰੇ ਕਰ ਕਰਮ ਵਿੱਚ ਬਿਜ਼ੀ ਹੋ ਜਾਣਾ - ਇਹ ਹੀ ਅਲਬੇਲਾਪਨ ਹੈ।

******

ਅਵਿਕਅਤ ਇਸ਼ਾਰੇ:- ਰੂਹਾਨੀ ਰਿਆਲਟੀ ਅਤੇ ਪਿਓਰਟੀ ਦੀ ਪ੍ਰਸਨੇਲਟੀ ਧਾਰਨ ਕਰੋ

ਪਿਊਰਿਟੀ ਦੀ ਰਾਇਲਟੀ ਮਤਲਬ ਇਕਵਰਤਾ ਬਣਨਾ, (ਇਕ ਬਾਬਾ ਦੂਸਰਾ ਨਾ ਕੋਈ) ਇਸ ਬ੍ਰਾਹਮਣ ਜੀਵਨ ਵਿੱਚ ਸੰਪੂਰਨ ਪਾਵਨ ਬਣਨ ਦੇ ਲਈ ਇਕਵਰਤਾ ਦਾ ਪਾਠ ਪੱਕਾ ਕਰ ਲਵੋ। ਵ੍ਰਿਤੀ ਵਿੱਚ ਸ਼ੁਭ ਭਾਵਨਾ, ਸ਼ੁਭ ਕਾਮਨਾ ਹੋਵੇ, ਦ੍ਰਿਸ਼ਟੀ ਦਵਾਰਾ ਹਰ ਇੱਕ ਨੂੰ ਆਤਮਿਕ ਰੂਪ ਵਿੱਚ ਫਰਿਸ਼ਤਾ ਰੂਪ ਵਿੱਚ ਦੇਖੋ। ਕਰਮ ਦਵਾਰਾ ਹਰ ਆਤਮਾ ਨੂੰ ਸੁਖ ਦਵੋ ਅਤੇ ਸੁਖ ਲਵੋ। ਕੋਈ ਦੁੱਖ ਦਵੇ, ਗਾਲੀ ਦਵੇ, ਇੰਨਸਲਟ ਕਰੇ ਤਾਂ ਤੁਸੀਂ ਸਹਿਣਸ਼ੀਲ ਦੇਵੀ, ਸਹਿਣਸ਼ੀਲ ਦੇਵ ਬਣ ਜਾਓ।